Children's Hospital LOS ANGELES
We Treat Kids Better

# ਪ੍ਰਯੋਗੀ-ਵਿਅਕਤੀ ਦੇ ਹੱਕਾਂ ਦਾ ਕਾਨੂੰਨ

ਤੁਹਾਨੂੰ ਇੱਕ ਡਾਕਟਰੀ ਪ੍ਰਯੋਗ ਵਿੱਚ ਪ੍ਰਯੋਗੀ-ਵਿਅਕਤੀ ਵਜੋਂ ਹਿੱਸਾ ਲੈਣ ਲਈ ਪੁੱਛਿਆ ਗਿਆ ਹੈ। ਇਸ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਕਿ ਤੁਸੀਂ ਪ੍ਰਯੋਗੀ ਪ੍ਰਕਿਰਿਆ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ, ਤੁਹਾਨੂੰ ਹੇਠਾਂ ਦਿੱਤੀ ਜਾਣਕਾਰੀ ਲੈਣ ਦਾ ਹੱਕ ਹੈ:

***ਕੈਲੀਫੋਰਨੀਆ ਦਾ ਕਾਨੂੰਨ ਮੰਗ ਕਰਦਾ ਹੈ ਕਿ ਤੁਹਾਨੂੰ ਹੇਠਾਂ ਦਿੱਤੇ ਬਾਰੇ ਜ਼ਰੂਰ ਸੂਚਿਤ ਕੀਤਾ ਜਾਣਾ ਚਾਹੀਦਾ ਹੈ:***

1. ਅਧਿਐਨ ਦੀ ਪ੍ਰਕਿਰਤੀ ਅਤੇ ਮਕਸਦ ਕੀ ਹੈ।
2. ਅਧਿਐਨ ਵਿੱਚ ਪ੍ਰਕਿਰਿਆਵਾਂ ਅਤੇ ਵਰਤੀਆਂ ਜਾਣ ਵਾਲੀਆਂ ਕੋਈ ਵੀ ਦਵਾਈਆਂ ਜਾਂ ਡਿਵਾਈਸ।
3. ਅਧਿਐਨ ਤੋਂ ਉਚਿਤ ਤੌਰ 'ਤੇ ਉਮੀਦ ਕੀਤੀਆਂ ਜਾਣ ਵਾਲੀਆਂ ਬੇਆਰਾਮੀਆਂ ਅਤੇ ਜੋਖਮ।
4. ਅਧਿਐਨ ਤੋਂ ਉਚਿਤ ਤੌਰ 'ਤੇ ਉਮੀਦ ਕੀਤੇ ਜਾਣ ਵਾਲੇ ਫਾਇਦੇ।
5. ਵਿਕਲਪਕ ਪ੍ਰਕਿਰਿਆਵਾਂ, ਦਵਾਈਆਂ ਜਾਂ ਡਿਵਾਈਸ ਜੋ ਸ਼ਾਇਦ ਮਦਦਗਾਰ ਹੋ ਸਕਦੇ ਹਨ ਅਤੇ ਉਹਨਾਂ ਦੇ ਜੋਖਮ ਅਤੇ ਫਾਇਦੇ।
6. ਜੇ ਜਟਿਲਤਾਵਾਂ ਹੁੰਦੀਆਂ ਹਨ ਤਾਂ ਡਾਕਟਰੀ ਇਲਾਜ ਦੀ ਉਪਲਬਧਤਾ।
7. ਅਧਿਐਨ ਜਾਂ ਪ੍ਰਕਿਰਿਆ ਬਾਰੇ ਪ੍ਰਸ਼ਨ ਪੁੱਛਣ ਦਾ ਮੌਕਾ।
8. ਕਿਸੇ ਵੀ ਸਮੇਂ ਅਧਿਐਨ ਤੋਂ ਬਾਹਰ ਹੋਣ ਦੀ ਸਮਰੱਥਾ ਅਤੇ ਇਸ ਸੰਸਥਾ ਵਿਖੇ ਤੁਹਾਡੀ ਭਵਿੱਖ ਦੀ ਦੇਖਭਾਲ 'ਤੇ ਅਸਰ ਪਾਏ ਬਿਨਾਂ ਭਾਗੀਦਾਰੀ ਨੂੰ ਬੰਦ ਕਰਨਾ।
9. ਅਧਿਐਨ ਲਈ ਦਸਤਖਤ ਕੀਤੀ ਗਈ ਅਤੇ ਤਾਰੀਖ਼ ਪਾਈ ਗਈ ਲਿਖਤੀ ਸਹਿਮਤੀ ਦੀ ਕਾਪੀ ਦਿੱਤੀ ਜਾਣੀ।
10. ਜ਼ੋਰ-ਜ਼ਬਰਦਸਤੀ ਦੀ ਵਰਤੋਂ ਕੀਤੇ ਬਿਨਾਂ ਅਧਿਐਨ ਲਈ ਆਪਣੀ ਮਰਜ਼ੀ ਦੇ ਨਾਲ ਸਹਿਮਤੀ ਦੇਣ ਦਾ ਮੌਕਾ।

______________________________ ____________________

ਵਿਅਕਤੀ/ਮਾਪੇ ਜਾਂ ਸੰਰਖਿਅਕ ਦੇ ਦਸਤਖਤ ਮਿਤੀ